STATE OF CALIFORNIA
DMV
Department of Motor Vehicles

# ਕੈਲੀਫ਼ੋਰਨੀਆਂ ਡਰਾਈਵਰ ਲਾਇਸੰਸ ਪ੍ਰਾਪਤ ਕਰਨ ਲਈ ਦਸਤਾਵੇਜ਼ ਸਬੂਤ ਲਈ AB 60 ਵਰਤਣ ਵਾਲੇ ਦੀ ਸਹਾਇਤਾ ਲਈ ਗਾਈਡ

ਇੱਕ ਡਰਾਈਵਰ ਲਾਇਸੰਸ ਲਈ ਅਰਜ਼ੀ ਦੇਣ ਲਈ ਜੇ ਗਾਹਕਾਂ ਕੋਲ ਕਾਨੂੰਨੀ ਮੌਜੂਦਗੀ ਦਾ ਤਸੱਲੀਬਖਸ਼ ਸਬੂਤ ਨਾ ਹੋਵੇ ਤਾਂ ਉਨ੍ਹਾਂ ਦਾ ਪਛਾਣ ਅਤੇ ਕੈਲੀਫ਼ੋਰਨੀਆਂ ਦੇ ਨਿਵਾਸ ਦਾ ਸਬੂਤ ਹੋਣਾ ਜ਼ਰੂਰੀ ਹੈ। ਤੁਹਾਨੂੰ ਉਨ੍ਹਾਂ ਦਸਤਾਵੇਜ਼ਾਂ ਬਾਰੇ ਪਤਾ ਕਰਨ ਵਿੱਚ ਮਦਦ ਕਰਨ ਲਈ ਹੇਠਾਂ ਦਿੱਤੇ ਸੇਧ ਦੀ ਵਰਤੋਂ ਕਰੋ ਜਿਨ੍ਹਾਂ ਦੀ ਇੱਕ ਡਰਾਈਵਰ ਲਾਇਸੰਸ ਲਈ ਅਰਜ਼ੀ ਦੇਣ ਵੇਲੇ ਲੋੜ ਹੋਵੇਗੀ।

## ਪਛਾਣ ਦਾ ਸਬੂਤ:

| ਸਾਰਣੀ A |
|---|
| ਬਿਨੈਕਾਰ ਦੁਆਰਾ ਹੇਠਾਂ ਦਿੱਤੇ ਦਸਤਾਵੇਜ਼ਾਂ ਵਿੱਚੋਂ ਇੱਕ (1) ਜਮ੍ਹਾ ਕਰਨਾ ਲਾਜ਼ਮੀ ਹੈ। |
| ਕੈਲੀਫ਼ੋਰਨੀਆਂ ਡਰਾਈਵਰ ਲਾਇਸੰਸ ਜਾਂ ਕੈਲੀਫ਼ੋਰਨੀਆਂ ਪਛਾਣ ਕਾਰਡ:<br>• ਕੈਲੀਫ਼ੋਰਨੀਆਂ ਡਰਾਈਵਰ ਲਾਇਸੰਸ (10/2000 ਜਾਂ ਬਾਅਦ ਵਿੱਚ ਜਾਰੀ ਕੀਤਾ ਗਿਆ)<br>• ਕੈਲੀਫ਼ੋਰਨੀਆਂ ਪਛਾਣ ਕਾਰਡ (10/2000 ਜਾਂ ਬਾਅਦ ਵਿੱਚ ਜਾਰੀ ਕੀਤਾ ਗਿਆ)<br>ਵਿਦੇਸ਼ੀ ਦਸਤਾਵੇਜ਼ ਜਿਸਨੂੰ ਡਿਪਾਰਟਮੇਂਟ ਆਫ਼ ਮੋਟਰ ਵਹੀਕਲਜ਼ (*Department of Motor Vehicles*, DMV) ਰਾਹੀਂ ਮਨਜ਼ੂਰੀ ਪ੍ਰਾਪਤ ਹੈ ਅਤੇ ਜਿਸਦੀ DMV ਰਾਹੀਂ ਮੂਲ ਦੇਸ਼ ਤੋਂ ਇਲੈਕਟਰੋਨਿਕ ਰੂਪ ਵਿੱਚ ਤਸਦੀਕ ਕੀਤੀ ਗਈ ਹੈ:<br>• ਮੈਕਸੀਕਨ ਫੈਡਰਲ ਚੋਣ ਕਾਰਡ (Instituto Federal Electoral [IFE] Credencial para Votar – 2013 ਸੰਸਕਰਨ)<br>• ਮੈਕਸੀਕਨ ਇੰਸਟੀਚਿਊਟ ਨੈਸ਼ਨਲ ਚੋਣ ਕਾਰਡ (Instituto Nacional Electoral [INE] Credencial para Votar – 2014 ਸੰਸਕਰਨ)<br>• ਮੈਕਸੀਕਨ ਪਾਸਪੋਰਟ (2008 ਜਾਂ ਬਾਅਦ ਵਿੱਚ ਜਾਰੀ ਕੀਤਾ ਗਿਆ ਅਤੇ ਜਿਸ ਵਿੱਚ ਡਿਜ਼ੀਟਲ ਫੋਟੋ ਅਤੇ ਡਿਜ਼ੀਟਲ ਦਸਤਖਤ ਸ਼ਾਮਲ ਹਨ)<br>• ਮੈਕਸੀਕਨ ਕਾਉਂਸਲਰ ਕਾਰਡ (Matrícula Consular – 2014 ਅਤੇ 2022 ਸੰਸਕਰਨ)<br>ਵਿਦੇਸ਼ੀ ਪਾਸਪੋਰਟ ਜਿਸਨੂੰ DMV ਰਾਹੀਂ ਮਾਨਤਾ ਪ੍ਰਾਪਤ ਹੈ ਅਤੇ ਮਨਜ਼ੂਰ ਹੈ (DMV ਰਾਹੀਂ ਮਨਜ਼ੂਰ ਪਾਸਪੋਰਟਾਂ ਦੀ ਸੂਚੀ ਲਈ ਸਫ਼ਾ 4 ਅਤੇ 5 ਵੇਖੋ)। ਗਾਹਕ ਦਾ ਆਪਣਾ ਸੋਸ਼ਲ ਸਿਕਿਓਰਟੀ ਨੰਬਰ (SSN) ਮੁਹੱਈਆ ਕਰਨਾ ਵੀ ਜ਼ਰੂਰੀ ਹੈ ਜਿਸਦੀ ਸਮਾਜਿਕ ਸੁਰੱਖਿਆ ਪ੍ਰਸ਼ਾਸਨ (SSA) ਨਾਲ ਇਲੈਕਟਰੋਨਿਕ ਪੁਸ਼ਟੀ ਕੀਤੀ ਜਾ ਸਕਦੀ ਹੋਵੇ। |

— ਜਾਂ —

| ਸਾਰਣੀ B |
|---|
| ਬਿਨੈਕਾਰ ਦੁਆਰਾ ਹੇਠਾਂ ਦਿੱਤੇ ਦਸਤਾਵੇਜ਼ਾਂ ਵਿੱਚੋਂ ਇੱਕ (2) ਜਮ੍ਹਾ ਕਰਨੇ ਲਾਜ਼ਮੀ ਹਨ। |
| ਵਿਦੇਸ਼ੀ ਦਸਤਾਵੇਜ਼ ਜੋ ਕਿ DMV ਰਾਹੀਂ ਮਾਨਤਾ ਪ੍ਰਾਪਤ ਅਤੇ ਮਨਜ਼ੂਰ ਹਨ:<br>• ਅਰਜਨਟੀਨਾ ਨਿਵਾਸੀ ਦਾ ਪਛਾਣ ਕਾਰਡ (Documento Nacional de Identidad [DNI] – 2009 ਜਾਂ 2012 ਸੰਸਕਰਨ)<br>• ਬ੍ਰਾਜ਼ੀਲ ਨਿਵਾਸੀ ਦਾ ਕਾਉਂਸਲਰ ਕਾਰਡ (Carteira de Matrícula Consular – 2010 ਸੰਸਕਰਨ)<br>• ਚਿਲੀ ਦੇ ਨਿਵਾਸੀ ਦਾ ਪਛਾਣ ਕਾਰਡ (Cédula de Identidad – 2013 ਸੰਸਕਰਨ)<br>• ਕੋਲੰਬੀਆ ਨਿਵਾਸੀ ਦਾ ਕਾਉਂਸਲਰ ਕਾਰਡ (Consular Registration – 2015 ਸੰਸਕਰਨ)<br>• ਕੋਲੰਬੀਅਨ ਪਛਾਣ ਦਸਤਾਵੇਜ਼ (Cédula de Ciudadanía – 2023 ਸੰਸਕਰਣ)<br>• ਐਕਵਾਡੋਰ ਦੇ ਨਿਵਾਸੀ ਦਾ ਰਾਸ਼ਟਰੀ ਪਛਾਣ ਕਾਰਡ (Cédula de Ciudadanía – 2006 ਜਾਂ 2009 ਸੰਸਕਰਨ)<br>• ਐਕਵਾਡੋਰ ਨਿਵਾਸੀ ਦਾ ਕਾਉਂਸਲਰ ਕਾਰਡ (Tarjeta de Identificación Consular – 2015 ਸੰਸਕਰਨ)<br>• ਅਲ ਸਲਵਾਡੋਰ ਦੇ ਨਿਵਾਸੀ ਦਾ ਪਛਾਣ ਕਾਰਡ (Documento Único de Identidad [DUI] – 2010 ਜਾਂ 2022 ਸੰਸਕਰਨ)<br>• ਗੁਆਟੇਮਾਲਾ ਦੇ ਨਿਵਾਸੀ ਦਾ ਰਾਸ਼ਟਰੀ ਪਛਾਣ ਕਾਰਡ (Documento Personal de Identificación [DPI] – 2012 ਸੰਸਕਰਨ)<br>• ਗੁਆਟੇਮਾਲਾ ਨਿਵਾਸੀ ਦਾ ਕਾਉਂਸਲਰ ਕਾਰਡ (Tarjeta de Identificación Consular – 2002 ਅਤੇ 2015 ਸੰਸਕਰਨ)<br>• ਹਾਂਡੂਰਸ ਕਾਉਂਸਲਰ ਕਾਰਡ (Gobierno de la República de Honduras Matrícula Consular – Consular ID – ਅਗਸਤ 2017 ਸੰਸਕਰਨ)<br>• ਕੋਰੀਆਈ ਨਿਵਾਸੀ ਦਾ ਪਛਾਣ ਕਾਰਡ (ਸਤੰਬਰ 2016 ਸੰਸਕਰਨ)<br>• ਨਿਕਾਰਾਗੁਆ ਦੇ ਨਿਵਾਸੀ ਦਾ ਰਾਸ਼ਟਰੀ ਪਛਾਣ ਕਾਰਡ (Cédula de Identidad – 2010 ਸੰਸਕਰਨ)<br>• ਪੈਰਾਗੁਏ ਦਾ ਪਛਾਣ ਕਾਰਡ (República de Paraguay Cédula de Identidad Civil – ਸਤੰਬਰ 2009 ਸੰਸਕਰਨ)<br>• ਪੇਰੂ ਦੇ ਨਿਵਾਸੀ ਦਾ ਪਛਾਣ ਕਾਰਡ (Documento Nacional de Identidad [DNI] – 2005 ਸੰਸਕਰਨ)<br>• ਵਿਦੇਸ਼ੀ ਪਾਸਪੋਰਟ (DMV ਰਾਹੀਂ ਮਨਜ਼ੂਰਸ਼ੁਦਾ ਪਾਸਪੋਰਟਾਂ ਦੀ ਸੂਚੀ ਲਈ ਸਫ਼ਾ 4 ਅਤੇ 5 ਵੇਖੋ) – ਇਹ ਉਨ੍ਹਾਂ ਗਾਹਕਾਂ ਲਈ ਇੱਕ ਚੋਣ ਹੈ ਜਿਨ੍ਹਾਂ ਕੋਲ ਸਾਰਣੀ A ਵਿੱਚ ਦਿੱਤਾ ਇੱਕ ਪੁਸ਼ਟੀ ਲਾਇਕ SSN ਨਹੀਂ ਹੈ। |

— ਜਾਂ —

| ਸਾਰਣੀ C<br>ਸਹਾਇਕ ਸਮੀਖਿਆ |
|---|
| ਬਿਨੈਕਾਰ ਹੇਠਾਂ ਦਿੱਤੇ ਦਸਤਾਵੇਜ਼ਾਂ 'ਚੋਂ ਜਿੰਨੇ ਵੱਧ ਤੋਂ ਵੱਧ ਸੰਭਵ ਹੋਣ, ਪੇਸ਼ ਕਰ ਸਕਦਾ ਹੈ ਜਿਹਨਾਂ ਦੀ ਬਿਨੈਕਾਰ ਦੀ ਪਹਿਚਾਣ ਦੀ ਤਸਦੀਕ ਕਰਨ ਲਈ DMV ਦੁਆਰਾ ਸਮੀਖਿਆ ਕੀਤੀ ਜਾਵੇਗੀ। |

- ਇੱਕ ਜਨਤਕ ਜਾਂ ਪ੍ਰਾਈਵੇਟ ਪ੍ਰਾਇਮਰੀ, ਸੈਕੰਡਰੀ, ਜਾਂ ਪੋਸਟ-ਸੈਕੰਡਰੀ ਸੰਸਥਾ, ਕਾਲਜ, ਜਾਂ ਯੂਨਿਵਰਸਿਟੀ ਦੁਆਰਾ ਜਾਰੀ ਕੀਤੇ ਗਏ ਕਿਸੇ ਵੀ ਦਸਤਾਵੇਜ਼ ਸਮੇਤ ਸਕੂਲੀ ਦਸਤਾਵੇਜ਼ ਜਿਨ੍ਹਾਂ ਵਿੱਚ ਜਾਂ ਤਾਂ ਬਿਨੈਕਾਰ ਦੀ ਜਨਮ ਮਿਤੀ ਵੀ ਸ਼ਾਮਲ ਹੈ ਜਾਂ ਜੇ ਉਹ ਵਿਦੇਸ਼ੀ ਸਕੂਲੀ ਦਸਤਾਵੇਜ਼ ਹੋਵੇ ਤਾਂ ਸਕੂਲ ਦੁਆਰਾ ਮੋਹਰ ਲਗਾ ਕੇ ਮਨਜ਼ੂਰ ਕੀਤਾ ਗਿਆ ਹੋਵੇ ਅਤੇ ਉਸ ਵਿੱਚ ਰਿਕਾਰਡ ਨੂੰ ਜਾਰੀ ਕਰਨ ਵੇਲੇ ਦੀ ਬਿਨੈਕਾਰ ਦੀ ਉਮਰ ਦੀ ਇੱਕ ਤਸਵੀਰ ਵੀ ਸ਼ਾਮਲ ਹੋਵੇ।
- ਅਮਰੀਕਾ ਵਿੱਚ ਕਿਸੇ ਸਰਕਾਰ ਦੁਆਰਾ ਜਾਂ ਅਮਰੀਕੀ ਸਰਕਾਰ ਦੁਆਰਾ ਜਾਰੀ ਕੀਤੇ ਗਏ ਜਾਂ ਉਨ੍ਹਾਂ ਕੋਲ ਫਾਇਲ ਕੀਤੇ ਗਏ ਦਸਤਾਵੇਜ਼, ਜਿਨ੍ਹਾਂ ਵਿੱਚ ਸ਼ਾਮਲ ਹਨ :
  - — ਅਮਰੀਕੀ ਡਿਪਾਰਟਮੇਂਟ ਆਫ਼ ਹੋਮਲੈਂਡ ਸਿਕਓਰਟੀ (*Department of Homeland Security*, DHS) ਫ਼ਾਰਮ I-589, (ਸ਼ਰਣ ਲੈਣ ਲਈ ਅਤੇ ਵਾਪਸ ਭੇਜਣ ਤੇ ਰੋਕ ਲਗਾਉਣ ਲਈ ਅਰਜ਼ੀ)।
  - — ਅਮਰੀਕੀ ਡੀਐਚਐਸ ਫ਼ਾਰਮ I-20 (U.S. DHS Form I-20) (ਗੈਰ ਪਰਵਾਸੀ ਲਈ ਯੋਗਤਾ ਦਾ ਸਰਟੀਫਿਕੇਟ [F-1] ਵਿਦਆਰਥੀ ਦੀ ਸਥਿਤੀ – ਅਕਾਦਮਿਕ ਅਤੇ ਭਾਸ਼ਾ ਵਿਦਆਰਥੀਆਂ ਲਈ ਜਾਂ ਗੈਰ ਪਰਵਾਸੀ ਲਈ ਯੋਗਤਾ ਦਾ ਸਰਟੀਫਿਕੇਟ [M-1] ਵਿਦਆ0ਰਥੀ ਦੀ ਸਥਿਤੀ – ਵੋਕੇਸ਼ਨਲ ਵਿਦਆਰਥੀਆਂ ਲਈ)।
  - — ਅਮਰੀਕੀ ਡੀਐਚਐਸ ਫ਼ਾਰਮ DS-2019 (U.S. DHS Form DS-2019) (ਵਟਾਂਦਰੇ ਵਾਲੇ ਪ੍ਰਾਹੁਣੇ ਲਈ ਯੋਗਤਾ ਦਾ ਸਰਟੀਫਿਕੇਟ [J-1] ਸਥਿਤੀ)।
  - — ਅਦਾਲਤੀ ਦਸਤਾਵੇਜ਼ ਜਿਨ੍ਹਾਂ ਵਿੱਚ ਬਿਨੈਕਾਰ ਨੂੰ ਅਦਾਲਤ ਦੀ ਕਾਰਵਾਈ ਵਿੱਚ ਇੱਕ ਪਾਰਟੀ ਦੇ ਤਰੌਂ ਤੇ ਨਾਮਜ਼ਦ ਕੀਤਾ ਗਿਆ ਹੋਵੇ।
  - — ਆਮਦਨ ਟੈਕਸ ਰਿਟਰਨ।
  - — ਡਰਾਈਵਰ ਲਾਇਸੰਸ।
- ਨਾਗਰਿਕ ਵਿਆਹੁਤਾ ਸਥਿਤੀ ਦਾ ਜਾਂ ਨਾਗਰਿਕ ਏਕਤਾ ਦੇ ਸਬੰਧ ਵਿੱਚ ਦਸਤਾਵੇਜ਼ ਜਿਨ੍ਹਾਂ ਵਿੱਚ ਵਿਆਹ ਦਾ ਲਾਇਸੰਸ ਜਾਂ ਘਰੇਲੂ ਸਾਥੀ ਦਾ ਰਜਿਸਟਰੇਸ਼ਨ ਵੀ ਸ਼ਾਮਲ ਹਨ। ਜੇ ਵਿਆਹ ਦੇ ਲਾਇਸੰਸ ਦੀ ਭਾਸ਼ਾ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਹੈ ਤਾਂ ਵਿਆਹ ਦੇ ਲਾਇਸੰਸ ਨਾਲ ਇੱਕ ਤਸਦੀਕ ਅਨੁਵਾਦ ਜਾਂ ਅੰਗਰੇਜ਼ੀ ਵਿੱਚ ਅਨੁਵਾਦ ਦਾ ਇੱਕ ਹਲਫ਼ਨਾਮਾ ਲਗਾ ਹੋਣਾ ਚਾਹੀਦਾ ਹੈ।
- ਤਲਾਕ ਦੇ ਅਦਾਲਤੀ ਕਾਗਜ਼। ਜੇ ਤਲਾਕ ਦੇ ਅਦਾਲਤੀ ਕਾਗਜ਼ ਦੀ ਭਾਸ਼ਾ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਹੈ ਤਾਂ ਇਨ੍ਹਾਂ ਤਲਾਕ ਦੇ ਅਦਾਲਤੀ ਕਾਗਜ਼ਾਂ ਨਾਲ ਇੱਕ ਤਸਦੀਕ ਅਨੁਵਾਦ ਜਾਂ ਅੰਗਰੇਜ਼ੀ ਵਿੱਚ ਅਨੁਵਾਦ ਦਾ ਇੱਕ ਹਲਫ਼ਨਾਮਾ ਲਗਾ ਹੋਣਾ ਚਾਹੀਦਾ ਹੈ।
- ਵਿਦੇਸ਼ੀ ਪਾਸਪੋਰਟ, ਕੌਂਸਲਰ ਪਛਾਣ ਕਾਰਡ, ਵਿਦੇਸ਼ੀ ਰਾਸ਼ਟਰੀ ਪਛਾਣ ਕਾਰਡ ਜਾਂ ਇੱਕ ਵਿਦੇਸ਼ੀ ਡਰਾਈਵਰ ਲਾਇਸੰਸ। ਜੇ ਵਿਦੇਸ਼ੀ ਡਰਾਈਵਰ ਲਾਇਸੰਸ ਦੀ ਭਾਸ਼ਾ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਹੈ ਤਾਂ ਇਸ ਡਰਾਈਵਰ ਲਾਇਸੰਸ ਨਾਲ ਇੱਕ ਤਸਦੀਕ ਅਨੁਵਾਦ ਜਾਂ ਅੰਗਰੇਜ਼ੀ ਵਿੱਚ ਅਨੁਵਾਦ ਦਾ ਇੱਕ ਹਲਫ਼ਨਾਮਾ ਲੱਗਾ ਹੋਣਾ ਚਾਹੀਦਾ ਹੈ।
- ।ਅਮਰੀਕਾ ਵਿੱਚ ਕਿਸੇ ਸਰਕਾਰ ਦੁਆਰਾ ਜਾਂ ਅਮਰੀਕੀ ਸਰਕਾਰ ਦੁਆਰਾ ਜਾਰੀ ਕੀਤੇ ਗਏ ਪਛਾਣ ਕਾਰਡ ਜਿਨ੍ਹਾਂ ਵਿੱਚ ਬਿਨੈਕਾਰ ਦੀ ਇੱਕ ਫ਼ੋਟੋ ਸ਼ਾਮਲ ਹੋਵੇ।
- ਜਨਮ ਦੇ ਦਸਤਾਵੇਜ਼ ਜਿਨ੍ਹਾਂ ਵਿੱਚ ਇੱਕ ਜਨਮ ਸਰਟੀਫਿਕੇਟ ਜਾਂ ਗੋਦ ਲੈਣ ਦੇ ਰਿਕਾਰਡ ਸ਼ਾਮਲ ਹਨ।
- ਉਪਰੋਕਤ ਦਸਤਾਵੇਜ਼ਾਂ 'ਚੋਂ ਕੋਈ ਵੀ ਜਿਸ ਵਿੱਚ ਬਿਨੈਕਾਰ ਦੇ ਜੀਵਨਸਾਥੀ, ਘਰੇਲੂ ਸਾਥੀ, ਬੱਚਾ, ਮਾਤਾ ਪਿਤਾ, ਜਾਂ ਕਾਨੂੰਨੀ ਸਰਪਸਰਤ ਸੂਚੀਬੱਧ ਹੈ ਬਸ਼ਰਤੇ ਕਿ ਬਿਨੈਕਾਰ ਵੀ ਇੱਕ ਜਨਮ ਸਰਟੀਫਿਕੇਟ, ਗੋਦ ਲੈਣ ਦੇ ਰਿਕਾਰਡ, ਵਿਆਹ ਦਾ ਲਾਇਸੰਸ ਜਾਂ ਸੰਬੰਧ ਨੂੰ ਜਾਹਰ ਕਰਨ ਵਾਲਾ ਘਰੇਲੂ ਸਾਥੀ ਰਜਿਸਟਰੇਸ਼ਨ ਪ੍ਰਦਾਨ ਕਰਦਾ/ਦੀ ਹੈ।

— ਅਤ —

## ਕੈਲੀਫ਼ੋਰਨੀਆਂ ਦਾ ਨਿਵਾਸੀ ਹੋਣ ਦਾ ਸਬੂਤ

| ਸਾਰਣੀ D |
|---|
| ਬਿਨੈਕਾਰ ਦੁਆਰਾ ਹੇਠਾਂ ਦਿੱਤੇ ਦਸਤਾਵੇਜ਼ਾਂ ਵਿੱਚੋਂ ਇੱਕ (1) ਜਮ੍ਹਾ ਕਰਨਾ ਲਾਜ਼ਮੀ ਹੈ।<br>ਸਾਰੇ ਰਿਹਾਇਸ਼ ਦਸਤਾਵੇਜ਼ਾਂ ਵਿੱਚ ਬਿਨੇਕਾਰ ਦਾ ਪਹਿਲੀ ਅਤੇ ਆਖਰੀ ਨਾਂ ਸੂਚੀਬੱਧ ਹੋਣਾ ਚਾਹੀਦਾ ਹੈ ਅਤੇ ਕੈਲੀਫ਼ੋਰਨੀਆ ਦੀ ਰਿਹਾਇਸ਼ ਦਾ ਪਤਾ ਹੇਠ ਦਿੱਤੇ ਆਖਰੀ ਤਿੰਨ (3) ਮਦਾਂ ਦੇ ਛੋਟ ਦੇ ਨਾਲ ਡਰਾਈਵਰ ਲਾਇਸੰਸ ਦੀ ਅਰਜ਼ੀ 'ਤੇ ਦਿੱਤੇ ਗਏ ਡਾਕ ਤੇ ਨਾਲ ਮੇਲ ਖਾਣਾ ਚਾਹੀਦਾ ਹੈ। |
| • ਮਾਲਕ/ਮਾਲਕ-ਮਕਾਨ ਅਤੇ ਕਿਰਾਏਦਾਰ/ਨਿਵਾਸੀ ਦੇ ਦਸਤਖਤ ਦੇ ਨਾਲ ਕਿਰਾਇਆ ਜਾਂ ਲੀਜ਼ ਦੇ ਸਮਝੌਤੇ।<br>• ਰਿਹਾਇਸ਼ੀ ਅਸਲੀ ਸੰਪਤੀ ਦੀਆਂ ਡੀਡਸ ਜਾਂ ਟਾਈਟਲਸ।<br>• ਗਿਰਵੀ (ਮੌਰਗੇਜ਼) ਦੇ ਬਿੱਲ।<br>• ਸੈਲਲੂਰ ਫੋਨ ਬਿੱਲ ਸਮੇਤ ਘਰੇਲੂ ਸਹੂਲਤਾਂ (ਬਿਜਲੀ-ਪਾਣੀ ਵਗੈਰਾ) ਦੇ ਬਿੱਲ।<br>• ਸਕੂਲੀ ਦਸਤਾਵੇਜ਼।<br>• ਮੈਡੀਕਲ ਦੇ ਦਸਤਾਵੇਜ਼।<br>• ਰੁਜ਼ਗਾਰ ਦੇ ਦਸਤਾਵੇਜ਼।<br>• ਧਾਰਮਕ ਨਿਹਚਾ ਤੇ ਅਧਾਰਿਤ ਦਸਤਾਵੇਜ਼।<br>• ਬੀਮਾ ਦਸਤਾਵੇਜ਼ ਜਿਸ ਵਿੱਚ ਮੈਡੀਕਲ, ਦੰਦ, ਨਜ਼ਰ, ਜੀਵਨ, ਘਰ, ਕਿਰਾਏ, ਅਤੇ ਵਾਹਨ ਬੀਮਾ ਸ਼ਾਮਲ ਹਨ।<br>• ਇੰਟਰਨਲ ਰੈਵਨਯੂ ਸਰਵਿਸ ਜਾਂ ਕੈਲੀਫ਼ੋਰਨੀਆਂ ਫ਼ਰੈਚਾਇਜ਼ ਟੈਕਸ ਬੋਰਡ ਟੈਕਸ ਰਿਟਰਨ।<br>• ਕੈਲੀਫ਼ੋਰਨੀਆਂ ਵਾਹਨ ਦੇ ਸਰਟੀਫਿਕੇਟ ਜਾਂ ਪੋਤ ਦੇ ਟਾਈਟਲ ਜਾਂ ਰਜਿਸਟਰੇਸ਼ਨ।<br>• ਕੈਲੀਫ਼ੋਰਨੀਆ ਡਰਾਈਵਰ ਦੇ ਲਾਇਸੰਸ ਜਾਂ ਪਛਾਣ ਕਾਰਡ।<br>• ਅਮਰੀਕੀ ਡਾਕ ਸੇਵਾ ਦੁਆਰਾ ਪਤਾ ਬਦਲਣ ਦੀ ਪੁਸ਼ਟੀ (ਫ਼ਾਰਮ CNL 107)।<br>• ਅਮਰੀਕਾ ਵਿੱਚ ਕਿਸੇ ਸਰਕਾਰ ਦੁਆਰਾ ਜਾਂ ਅਮਰੀਕੀ ਸਰਕਾਰ ਦੁਆਰਾ ਜਾਰੀ ਕੀਤੇ ਗਏ ਦਸਤਾਵੇਜ਼।<br>• ਇੱਕ ਪ੍ਰਾਪਰਟੀ ਟੈਕਸ ਬਿੱਲ ਜਾਂ ਬਿਆਨ।<br>• ਇੱਕ ਆਰਥਕ ਸੰਸਥਾ (ਬੈਂਕ) ਦੇ ਰਿਕਾਰਡ।<br>• ਇਕ ਸਵੀਕਾਰਯੋਗ ਬਿਨਾ ਫੀਸ ਵਾਲਾ ਪਛਾਣ ਕਾਰਡ ਦੀ ਪਾਤਰਤਾ ਤਸਦੀਕ ਫਾਰਮ (*No Fee Identification Card Eligibility Verification*, DL 933)।<br>ਹੇਠ ਲਿਖੇ ਕਾਗਜ਼ਾਤਾਂ ਤੇ ਗਾਹਕ ਦੇ ਕੈਲੀਫੋਰਨੀਆਂ ਸਥਿਤ ਘਰ ਦਾ ਪਤਾ ਹੋਣ ਦੀ ਲੋੜ ਨਹੀਂ ਹੈ:<br>• ਅਦਾਲਤੀ ਦਸਤਾਵੇਜ਼ ਜਿਨ੍ਹਾਂ ਤੇ ਬਿਨੇਕਾਰ ਨੰ ਕੈਲੀਫ਼ੋਰਨੀਆਂ ਦਾ ਇੱਕ ਨਿਵਾਸੀ ਦੇ ਤੌਰ ਤੇ ਸੂਚੀਬੱਧ ਕੀਤਾ ਗਿਆ ਹੈ।<br>• ਇੱਕ ਬੇਘਰ ਸ਼ਰਨ ਘਰ, ਦੁਰਵਿਹਾਰ ਹੋਈਆਂ ਔਰਤਾਂ ਲਈ ਇੱਕ ਸ਼ਰਨ ਘਰ, ਇੱਕ ਗੈਰ-ਮੁਨਾਫ਼ੇ ਵਾਲੀ ਸੰਸਥਾ, ਧਰਮ ਅਧਾਰਤ ਸੰਗਠਨ, ਇੱਕ ਰੋਜ਼ਗਾਰਦਾਤਾ, ਜਾਂ ਅਮਰੀਕਾ ਵਿੱਚ ਕਿਸੇ ਸਰਕਾਰ ਦੁਆਰਾ ਇਹ ਪ੍ਰਮਾਣਿਤ ਕਰਨਾ ਕਿ ਬਿਨੇਕਾਰ ਕੈਲੀਫ਼ੋਰਨੀਆਂ ਵਿੱਚ ਰਹਿੰਦਾ/ਦੀ ਹੈ।<br>• ਇੱਕ ਮਾਤਾ ਪਿਤਾ, ਕਾਨੂੰਨੀ ਸਰਪ੍ਰਸਤ ਜਾਂ ਬੱਚਾ ਇੱਕ ਜਨਮ ਦੇ ਸਰਟੀਫਿਕੇਟ ਦੀ ਵਰਤੋਂ ਕਰ ਸਕਦਾ ਹੈ ਅਤੇ ਇੱਕ ਜੀਵਨਸਾਥੀ ਜਾਂ ਘਰੇਲੂ ਸਾਥੀ ਇੱਕ ਵਿਆਹ ਦੇ ਲਾਇਸੰਸ ਦੀ ਜਾਂ ਘਰੇਲੂ ਸਾਥੀ ਰਜਿਸਟਰੇਸ਼ਨ ਸਰਟੀਫਿਕੇਟ ਦੀ ਵਰਤੋਂ ਕਰ ਸਕਦਾ ਹੈ ਜੋ ਉਸਦੇ ਰਿਸ਼ਤੇ ਨੰ ਉਸ ਵਿਅਕਤੀ ਨਾਲ ਹੋਣ ਦਾ ਸਬੂਤ ਦਿੰਦਾ ਹੈ ਜਿਸ ਨੂੰ ਉੱਤੇ ਦੱਸੇ ਗਏ ਰਿਹਾਇਸ਼ੀ ਦਸਤਾਵੇਜ਼ਾਂ ਵਿੱਚ ਸੰਬੋਧਤ ਕੀਤਾ ਗਿਆ ਹੈ। |

# ਮਨਜ਼ੂਰ ਵਿਦੇਸ਼ੀ ਪਾਸਪੋਰਟ

ਧਿਆਨ ਦਿਓ: ਹੇਠਾਂ ਦਿੱਤੇ ਮਨਜ਼ੂਰ ਪਾਸਪੋਰਟਾਂ ਦੀ ਵਰਤੋਂ ਸਫ਼ਾ 1 ਤੇ ਦਿੱਤੇ ਗਏ ਦਸਤਾਵੇਜ਼ਾਂ ਨਾਲ ਜੋੜ ਕੇ ਕੀਤੀ ਜਾਣੀ ਜ਼ਰੂਰੀ ਹੈ।

ਜੇ ਕਿਸੇ ਦੇਸ਼ ਦਾ ਪਾਸਪੋਰਟ ਹੇਠਾਂ ਦਿੱਤੀ ਸੂਚੀ ਵਿੱਚ ਨਹੀਂ ਦਿੱਤਾ ਗਿਆ ਹੈ ਤਾਂ ਵੀ ਤੁਸੀਂ ਜਾਂਚ-ਪੜਤਾਲ ਦੀ ਸੈਕੰਡਰੀ ਰਿਵਿਊ ਰੈਫਰਲ ਕਾਰਵਾਈ ਦੇ ਤਹਿਤ ਕੈਲੀਫ਼ੋਰਨੀਆਂ ਦੇ ਇੱਕ ਡਰਾਈਵਰ ਲਾਇਸੰਸ ਲਈ ਅਰਜ਼ੀ ਦੇ ਸਕਦੇ ਹੋ। ਸਵੀਕਾਰ ਕੀਤੇ ਜਾਣ ਯੋਗ ਦਸਤਾਵੇਜ਼ਾਂ ਦੀ ਸੂਚੀ ਬਾਰੇ ਜਾਣਕਾਰੀ ਲਈ ਕਿਰਪਾ ਕਰਕੇ ਸਫ਼ਾ 2 ਵੇਖੋ। ਇਸ ਕਾਰਵਾਈ ਬਾਰੇ ਹੋਰ ਵਾਧੂ ਜਾਣਕਾਰੀ ਲਈ, ਡਰਾਈਵਰ ਲਾਇਸੰਸ ਸੈਕੰਡਰੀ ਰਿਵਿਊ ਰੈਫਰਲ ਕਾਰਵਾਈ ਫਾਸਟ ਫੈਕਟਸ # 3 ਬਰੋਸ਼ਰ (*Driver License Secondary Review Referral Process*, FFDL3) ਨੂੰ ਵੇਖੋ। **dmv.ca.gov/portal/dmv/detail/pubs/brochures/fast_facts/ffdl03**.

| ਦੇਸ਼ ਦਾ ਨਾਂ | ਵੱਚ ਜਾਰੀ ਕੀਤਾ ਗਿਆ / ਤੇ ਜਾਂ ਬਾਅਦ |
|---|---|
| ਅਫ਼ਗਾਨਿਸਤਾਨ | 2011 |
| ਅਲਬੇਨੀਆ | 2009 |
| ਅਰਜਨਟੀਨਾ | 2009 |
| ਅਰਮੀਨੀਆ | 2011 |
| ਆਸਟਰੇਲੀਆ | 2005 |
| ਆਸਟਰੀਆ | 2006 |
| ਐਜ਼ਰਬੇਜਾਨ | 2013 |
| ਬਹਾਮਾਜ਼ | 2010 |
| ਬਹਰੀਨ | 2011 |
| ਬੰਗਲਾਦੇਸ਼ | 2010 |
| ਬੇਲਾਰੂਸ | 2006 |
| ਬੇਲਜ਼ੀਅਮ | 2006 |
| ਬੇਲਾਈਜ਼ | 2005 |
| ਬੋਲੀਵੀਆ | 2010 |
| ਬੌਸਨੀਆ ਐਂਡ ਹਰਜ਼ੇਗੋਵੀਨਾ | 2009 |
| ਬੋਤਸਵਾਨਾ | 2010 |
| ਬਰਾਜ਼ੀਲ | 2006 |
| ਬ੍ਰੂਨਈ | 2008 |
| ਬੁਲਗਾਰੀਆ | 2010 |
| ਬੁਰਕੀਨਾ ਫਾਸੋ | 2008 |
| ਕਾਬੋ ਵਰਦੇ | 2005 |
| ਕੰਬੋਡੀਆ | 2005 |
| ਕੈਨੇਡਾ | 2010 |
| ਕੇਮਨ ਆਈਲੈਂਡਸ | 2008 |
| ਚਿਲੀ | 2013 |

| ਦੇਸ਼ ਦਾ ਨਾਂ | ਵੱਚ ਜਾਰੀ ਕੀਤਾ ਗਿਆ / ਤੇ ਜਾਂ ਬਾਅਦ |
|---|---|
| ਚੀਨ | 2007 |
| ਕੋਲੰਬੀਆ | 10/2009 |
| ਕੋਮੋਰੋਸ | 2008 |
| ਸਵਤੰਤਰ ਕੌਂਗੋ | 2008 |
| ਡੇਮੋਕਰੈਟਿਕ ਰਿਪਬਲਿਕ ਆਫ਼ ਦੀ ਕਾਂਗੋ | 2009 |
| ਕੋਸਟਾ ਰੀਕਾ | 2006 |
| ਕੋਟੇ ਦੇ'ਆਈਵੋਰ | 2008 |
| ਕਰੋਏਸ਼ੀਆ | 2009 |
| ਸਾਈਪ੍ਰਸ | 2010 |
| ਚੈਕ ਰਿਪਬਲਿਕ | 2005 |
| ਡੇਨਮਾਰਕ | 2012 |
| ਡੋਨਮਨਿਕਨ ਰਿਪਬਲਿਕ | 2006 |
| ਐਕਵਾਡੋਰ | 05/07/13 |
| ਇਜ਼ਿਪਟ | 2008 |
| ਐਲ ਸਲਵਾਡੋਰ | 2009 |
| ਇਕਵਾਟੋਰੀਅਲ ਗਿਨੀ | 2011 |
| ਐਰੀਟ੍ਰੀਆ | 2010 |
| ਐਸਟੋਨੀਆ | 2005 |
| ਫ਼ੀਜ਼ੀ ਆਈਲੈਂਡਸ | 2012 |
| ਫ਼ੀਜ਼ੀ ਦਾ ਗਣਤੰਤਰ | 2018 |
| ਐਰੀਟ੍ਰੀਆ | 2006 |
| ਫਰਾਂਸ | 2006 |
| ਗਾਬੋਨ | 2009 |
| ਜੋਰਜੀਆ | 2005 |
| ਜਰਮਨੀ | 2007 |

| ਦੇਸ਼ ਦਾ ਨਾਂ | ਵਿੱਚ ਜਾਰੀ ਕੀਤਾ ਗਿਆ / ਤੇ ਜਾਂ ਬਾਅਦ |
|---|---|
| ਘਾਨਾ | 2010 |
| ਗ੍ਰੀਸੀਆ | 2006 |
| ਗੁਆਟੇਮਾਲਾ | 2011 |
| ਗਿਨੀ-ਬਿਸਾ | 2008 |
| ਹੋਂਡੁਰਾਸ | 2005 |
| ਹੌਂਗ-ਕੌਂਗ | 2006 |
| ਹੰਗਰੀ | 2006 |
| ਆਈਸਲੈਂਡ | 2006 |
| ਭਾਰਤ | 2008 |
| ਇੰਡੋਨੇਸ਼ੀਆ | 2006 |
| ਇੰਟਰਪੋਲ | 2009 |
| ਇਰਾਨ | 2011 |
| ਇਰਾਕ | 2009 |
| ਆਇਰਲੈਂਡ | 2006 |
| ਇਜ਼ਰਾਇਲ | 2011 |
| ਇਟਲੀ | 2006 |
| ਜਮਾਇਕਾ | 2009 |
| ਜਪਾਨ | 2006 |
| ਕਜ਼ਾਖਸਤਾਨ | 2009 |
| ਕੀਨੀਆ | 2008 |
| ਕੋਸੋਵੋ | 2008 |
| ਲਾਤਵੀਆ | 2007 |
| ਲੀਬੀਆ | 2009 |
| ਲਿਥੋਏਨੀਆ | 2006 |
| ਲਕਜ਼ਮਬਰਗ | 2006 |
| ਮਕਾਓ | 2009 |
| ਮੈਸੇਡੋਨੀਆ | 2008 |
| ਮੈਡਾਗਾਸਕਰ | 2007 |
| ਮਲੇਸ਼ੀਆ | 2010 |

| ਦੇਸ਼ ਦਾ ਨਾਂ | ਵਿੱਚ ਜਾਰੀ ਕੀਤਾ ਗਿਆ / ਤੇ ਜਾਂ ਬਾਅਦ |
|---|---|
| ਮਾਲਟਾ | 2008 |
| ਮੈਕਸੀਕੋ | 2008 |
| ਮੰਗੋਲੀਆ | 2011 |
| ਮੋਨਟੇਨਗਰੋ | 2008 |
| ਮੋਰਾਕੋ | 2009 |
| ਮੋਜ਼ੈਮਬੀਕ | 2010 |
| ਮਯਨਮਾਰ | 2010 |
| ਨੇਪਾਲ | 2010 |
| ਨੀਦਰਲੈਂਡਸ | 2006 |
| ਨਿਊਜ਼ੀਲੈਂਡ | 2009 |
| ਨਿਕਾਰਾਗੁਆ | 2010 |
| ਨਾਈਜ਼ੀਰੀਆ | 2007 |
| ਨਾਰਵੇ | 2005 |
| ਪਾਕਿਸਤਾਨ | 06/2005 |
| ਪਲਾਊ | 2008 |
| ਪਲੈਸਤੀਨੀਅਨ ਪ੍ਰਾਂਤ, ਅਧਿਕ੍ਰਿਤ | 2008 |
| ਪਨਾਮਾ | 2010 |
| ਪੈਰਾਗੁਏ | 2012 |
| ਪੇਰੂ | 2010 |
| ਫਿਲੀਪੀਨਜ਼ | 2010 |
| ਪੋਲੈਂਡ | 2006 |
| ਪੁਰਤਗਾਲ | 2006 |
| ਕਤਰ | 2008 |
| ਰਿਪਬਲਿਕ ਆਫ਼ ਕੋਰੀਆ | 2008 |
| ਰੋਮੇਨੀਆ | 2008 |
| ਰਸ਼ੀਆ | 2010 |
| ਸੇਂਟ ਹੈਲਨਾ | 2012 |
| ਸੈਂਟ ਕਿਟਸ ਅਤੇ ਨੇਵਿਸ | 2010 |
| ਸੈਨ ਮਾਰੀਨੋ | 2009 |

| ਦੇਸ਼ ਦਾ ਨਾਂ | ਵਿੱਚ ਜਾਰੀ ਕੀਤਾ ਗਿਆ / ਤੇ ਜਾਂ ਬਾਅਦ |
|---|---|
| ਸਾਓ ਟੋਮੇ ਅਤੇ ਪ੍ਰਿੰਸਿਪੀ | 2008 |
| ਸੈਨੇਗਲ | 2008 |
| ਸਰਬੀਆ | 2008 |
| ਸੈਰਾ ਲਿਓਨ | 2010 |
| ਸਲੋਵਾਕੀਆ | 2005 |
| ਸਲੋਵੇਨੀਆ | 2006 |
| ਸੋਮਾਲੀਆ | 2007 |
| ਦੱਖਣੀ ਅਫ਼ਰੀਕਾ | 2009 |
| ਦੱਖਣੀ ਸੁਡਾਨ | 2012 |
| ਸਪੇਨ | 2006 |
| ਸ਼ਿਰੀ ਲੰਕਾ | 1/2008 |
| ਸਵੀਡਨ | 2005 |
| ਸਵਿਟਜ਼ਰਲੈਂਡ | 2006 |
| ਤਾਈਵਾਨ | 12/29/2008 |
| ਤਜ਼ਾਕਿਸਤਾਨ | 2010 |
| ਥਾਈਲੈਂਡ | 2009 |
| ਟੋਨਗਨ | 07/2003 |
| ਤੁਰਕੀ | 2010 |
| ਤੁਰਕਮੇਨਿਸਤਾਨ | 2008 |
| ਯੂਕਰੇਨ | 2007 |
| ਸੰਯੁਕਤ ਅਰਬ ਅਮੀਰਾਤ | 2011 |
| ਯੂਨਾਇਟੇਡ ਕਿੰਗਡਮ | 2006 |
| ਉਰੂਗੁਏ | 2009 |
| ਵੈਨੂਆਟੂ | 2010 |
| ਵੈਟੀਕਨ ਸਿਟੀ | 2008 |
| ਵਰਜਿਨ ਆਈਲੈਂਡਸ (ਬ੍ਰਿਟਿਸ਼) | 2007 |
| ਜ਼ਾਂਬੀਆ | 2008 |

ਧਿਆਨ ਦਿਓ: ਕਿਰਪਾ ਕਰਕੇ ਧਿਆਨ ਦਿਓ ਕਿ ਇਸ ਦਸਤਾਵੇਜ਼ ਵਿੱਚ ਬਦਲਾਵ ਹੋ ਸਕਦੇ ਹਨ